**Shikshan Sanshodhan** : Journal of Arts, Humanities and Social Sciences ISSN: 2581-6241
Monthly, Peer-Reviewed, Refereed, Indexed Journal Impact Factor: 5.146
Volume - 5, Issue - 10, October - 2022 Publication Date: 31/10/2022

DOIs:10.2018/SS/202210011 --:-- Research Article

# ਕਾਰਪੋਰੇਟ ਵਰਗ ਨੂੰ ਦਿੱਤੀ ਜਾ ਰਹੀ ਜਮੀਨ ਕਾਰਨ ਸੰਘਣਾ ਹੋ ਰਿਹਾ ਖੇਤੀ ਸੰਕਟ
## (ਅਜਮੇਰ ਸਿੰਘ ਔਲਖ ਦੇ ਨਾਟਕ 'ਐਇ ਕਿਵੇ ਖੋਹਲੋਗੇ ਜਮੀਨਾ ਸਾਡੀਆਂ?` ਦੇ ਪ੍ਰਸੰਗ ਵਿੱਚ)

**ਵੀਰਪਾਲ ਕੌਰ**
ਪੀਐਚ. ਡੀ., ਵਿਭਾਗ – ਪੰਜਾਬੀ, ਯੂਨੀਵਰਸਿਟੀ ਕਾਲਜ ਆਫ ਬੇਸਿਕ ਸਾਇੰਸਜ਼ ਐਂਡ ਹਿਊਮੈਨਟੀਜ਼,
ਗੁਰੂ ਕਾਸ਼ੀ ਯੂਨੀਵਰਸਿਟੀ, ਤਲਵੰਡੀ ਸਾਬੋ (ਬਠਿੰਡਾ)
ਈਮੇਲ :- jassbrarsidhu@gmail.com

ਪੰਜਾਬੀ ਨਾਟਕ ਦੇ ਖੇਤਰ ਵਿਚ ਅਜਮੇਰ ਸਿੰਘ ਔਲਖ ਇਤਿਹਾਸਕ ਮਹਾਨਤਾ ਰੱਖਦਾ ਹੈ। ਉਹ ਮੁੱਖ ਤੌਰ ਤੇ ਪੰਜਾਬ ਦੀ ਪੇਂਡੂ ਜ਼ਿੰਦਗੀ ਨੂੰ ਆਪਣੇ ਨਾਟਕਾ ਦਾ ਵਿਸ਼ਾ ਵਸਤੂ ਬਣਾਉਂਦਾ ਹੈ। ਉਸ ਤੋਂ ਪਹਿਲਾਂ ਦੇ ਨਾਟਕਾਂ ਵਿਚ ਸਾਡੀ ਪੇਂਡੂ ਜ਼ਿੰਦਗੀ ਨੂੰ ਇਸ ਤਰ੍ਹਾਂ ਦੀ ਡੂੰਘੀ ਤੇ ਯਥਾਰਥਕ ਦ੍ਰਿਸ਼ਟੀ ਨਾਲ ਵੇਖਣ ਦਾ ਯਤਨ ਘਟ ਹੀ ਕੀਤਾ ਗਿਆ ਸੀ। ਉਸਨੇ ਪੰਜਾਬ ਦੇ ਮਾਲਵਾ ਅੰਚਲ ਨੂੰ ਅਤੇ ਇਸ ਬਹਾਨੇ ਪੇਂਡੂ ਪੰਜਾਬ ਦੀ ਯਥਾਰਥਮੁਖੀ ਤਸਵੀਰ ਆਪਣੇ ਨਾਟਕਾਂ ਵਿੱਚ ਅੰਕਿਤ ਕੀਤੀ ਹੈ।[1] ਅਜਮੇਰ ਸਿੰਘ ਔਲਖ ਦੇ ਨਾਟਕਾਂ ਵਿਚ ਨਿਮਨ ਕਿਸਾਨੀ ਅਤੇ ਜ਼ਮੀਨ ਵਿਕਣ ਕਰਕੇ ਪੈਦਾ ਹੋਣ ਵਾਲੀਆਂ ਸਮੱਸਿਆਵਾਂ ਦੀ ਬਹੁ-ਪਰਤੀ ਤਸਵੀਰ ਪੇਸ਼ ਕੀਤੀ ਹੈ। ਅਸਲ ਵਿੱਚ ਔਲਖ ਦੇ ਪਾਤਰਾਂ ਦਾ ਮਾਨਸਿਕ ਸੰਤਾਪ ਵੀ ਬਹੁਤੇ ਹਾਲਤਾਂ ਵਿਚ ਆਰਥਿਕ ਥੁੜਾਂ ਦੇ ਸੰਤਾਪ ਕਰਕੇ ਹੈ। ਕਿਸਾਨੀ ਜੀਵਾਨ ਦਾ ਅਜਿਹਾ ਕੋਈ ਪੱਖ ਨਹੀਂ ਜਿਸਨੂੰ ਅਜਮੇਰ ਸਿੰਘ ਔਲਖ ਨੇ ਆਪਣੇ ਨਾਟਕਾਂ ਦਾ ਵਿਸ਼ਾ ਨਾ ਬਣਾਇਆ ਹੋਵੇ ਅਤੇ ਇਨ੍ਹਾਂ ਵਿਸ਼ਿਆਂ ਨੂੰ ਸਫ਼ਲਤਾ ਪੂਰਵਕ ਨਿਭਾਉਣ ਦਾ ਸਭ ਤੋਂ ਵੱਡਾ ਕਾਰਨ ਔਲਖ ਦਾ ਕਿਸਾਨੀ ਪਿਛੋਕੜ ਹੈ। ਜਿਸ ਕਰਕੇ ਉਹ ਕਿਸਾਨੀ ਮੁਸ਼ਕਿਲਾਂ ਤੋਂ ਚੰਗੀ ਤਰ੍ਹਾਂ ਜਾਣੂ ਸੀ। ਕਿਉਂਕਿ ਉਸਨੇ ਇਹ ਸਾਰੀਆਂ ਮੁਸ਼ਕਿਲਾਂ ਨੂੰ ਆਪਣੇ ਪਿੰਡੇ ਤੇ ਹੰਢਾਇਆ।

ਕਿਸਾਨਾਂ ਦੀਆਂ ਸਮੱਸਿਆਵਾਂ ਲਈ ਕਾਫੀ ਹੱਦ ਤੱਕ ਸਰਕਾਰੀ ਨੀਤੀਆਂ ਜਿੰਮੇਵਾਰ ਹਨ। ਸਰਕਾਰ ਕਿਸਾਨਾਂ ਨੂੰ ਉਨ੍ਹਾਂ ਦੀ ਪੈਦਾਵਾਰ ਦਾ ਸਹੀ ਮੁੱਲ ਨਹੀਂ ਦਿੰਦੀ ਹੈ। ਸਰਕਾਰ ਸਰਮਾਏਦਾਰ ਵਰਗ ਦੀ ਸਹਾਇਤਾ ਲਈ ਕਿਸਾਨਾਂ ਨਾਲ ਜ਼ਬਰਦਸਤੀ ਕਰਨ ਤੋਂ ਵੀ ਗੁਰੇਜ ਨਹੀਂ ਕਰਦੀ। ਹੱਥਲਾ ਨਾਟਕ "ਐਇ ਕਿਵੇਂ ਬੋਹਲੋਂਗੇ ਜਮੀਨਾਂ ਸਾਡੀਆਂ।" ਦੀ ਮੁਲ ਸਮੱਸਿਆ ਕਿਸਾਨਾਂ ਦੀਆਂ ਜ਼ਮੀਨਾਂ ਨੂੰ ਬਿਨਾਂ ਕਿਸਾਨਾਂ ਦੀ ਸਹਿਮਤੀ ਦੇ ਧੱਕੇਸ਼ਾਹੀ ਢੰਗ ਨਾਲ ਅਕਵਾਇਰ ਕਰਨਾ ਹੈ।

ਔਲਖ ਨੇ ਆਪਣੇ ਨਾਟਕ ਵਿਚ ਸਰਕਾਰ ਅਤੇ ਕਾਰਪੋਰੇਟ ਵਰਗ ਦੀ ਮਿਲੀਭੁਗਤ ਨੂੰ ਪੇਸ਼ ਕੀਤਾ ਹੈ। ਸਰਮਾਏਦਾਰ ਅਤੇ ਕਾਰਪੋਰੇਟ ਘਰਾਣੇ ਸਰਕਾਰੀ ਤੰਤਰ ਨਾਲ ਮਿਲ ਕੇ ਕਿਸਾਨਾਂ ਦੀਆਂ ਜਮੀਨਾਂ ਦੀ ਖੁੱਲ੍ਹੀ ਲੁੱਟ ਕਰਦੇ ਹਨ। ਇਸ ਸਰਮਾਏਦਾਰ ਅਤੇ ਕਾਰਪੋਰੇਟ ਲੋਕ ਸਰਕਾਰ ਦੀ ਮਦਦ ਨਾਲ ਆਪਣੀ ਮਨਮਰਜੀ ਅਨੁਸਾਰ ਜਿਥੇ ਚਾਹੁਣ ਸਰਕਾਰ ਇਨ੍ਹਾਂ ਨੂੰ ਜ਼ਮੀਨਾਂ ਜਬਤ ਕਰਕੇ ਦੇ ਦਿੰਦੀ ਹੈ। ਭਾਵੇਂ ਕਿਸਾਨ ਵੇਚਣਾ ਚਾਹੁੰਣ ਭਾਵੇਂ ਨਾ ਚਾਹੁੰਣ।

ਇਸ ਨਾਟਕ ਦੀ ਮੁਲ ਸਮੱਸਿਆ ਵੀ ਅਜਿਹੀ ਤਸਵੀਰ ਪੇਸ਼ ਕਰਦੀ ਹੈ ਜਿਸ ਵਿਚ ਪੰਜਾਬ ਦੇ ਇੱਕ ਪਿੰਡ (ਗੋਬਿੰਦਪੁਰਾ) ਦੀ ਜਮੀਨ ਪਾਰਕਰ ਨਾਂ ਦੀ ਕੰਪਨੀ ਲਈ ਪਾਵਰ ਪਲਾਂਟ ਲਗਾਉਣ ਲਈ ਖਰੀਦਣਾ ਚਾਹੁੰਦੀ ਹੈ ਤੇ ਸਰਕਾਰ ਕਿਸਾਨਾਂ ਦੀ ਸਹਿਮਤੀ ਤੋਂ ਬਿਨਾਂ ਆਪਹੁੰਦਰੇ ਅਤੇ ਧੱਕੇਸ਼ਾਹੀ ਢੰਗ ਨਾਲ ਪਾਰਕਰ ਕੰਪਨੀ ਨੂੰ ਦੇ ਦਿੰਦੀ ਹੈ। ਇਸ ਜਬਰਦਸਤੀ ਦਾ ਪਤਾ ਗੁਰਪਾਲ ਅਤੇ ਪਿੰਡ ਵਾਸੀਆਂ ਵਿਚਕਾਰ ਹੋ ਰਹੀ ਗੱਲਬਾਤ ਤੋਂ ਲਗਦਾ ਹੈ।

"ਲੈ ਵੀ ਨਗਰ-ਖੇੜਿਆਂ, ਹੁਣ ਤਾਂ ਆਪਾਂ ਸਾਰਿਆਂ ਨੂੰ ਪਤਾ ਲੱਗ ਹੀ ਗਿਆ ਕਿ ਆਪਣੇ ਪਿੰਡ ਦੀ ਲਗ-ਭਗ ਸਾਰੀ ਜ਼ਮੀਨ ਸਰਕਾਰ ਨੇ ਬੰਬਈ ਦੀ ਪਾਰਕਰ ਨਾਂ ਦੀ ਇੱਕ ਬਿਜਲੀ ਦੀ ਕੰਪਨੀ ਨੂੰ ਦੇ ਦਿੱਤੀ ਹੈ। ਤੇ ਦਿੱਤੀ ਵੀ ਆਪਹੁੰਦਰੇ ਤੇ ਧੱਕੇਸ਼ਾਹੀ ਢੰਗ ਨਾਲ ਐ। ਪਿੰਡ ਦੀ ਕੋਈ ਸਲਾਹ ਲਏ ਬਗੈਰ .........।"[2]

ਇਸਦੇ ਸਿੱਟੇ ਵਜੋਂ ਕਿਸਾਨ ਬੇਜ਼ਮੀਨੇ, ਮਜ਼ਦੂਰ ਅਤੇ ਕਿਸਾਨ ਘਰੋਂ ਬੇਘਰ, ਹੋ ਜਾਂਦੇ ਹਨ। ਜ਼ਿਆਦਾਤਰ ਕਿਸਾਨਾਂ ਅਤੇ ਮਜ਼ਦੂਰਾਂ ਦਾ ਰੁਜ਼ਗਾਰ ਖੁਸ ਜਾਂਦਾ ਹੈ। ਕਿਉਂਕਿ ਉਨ੍ਹਾਂ ਨੂੰ ਖੇਤੀ ਕਰਨ ਤੋਂ ਇਲਾਵਾ ਹੋਰ ਕੰਮ ਨਹੀਂ ਆਉਂਦਾ। ਜਿਸ ਕਰਕੇ ਉਸਦੇ ਸਾਰੇ ਪਰਿਵਾਰ ਖੇਤੀਬਾੜੀ ਦੇ ਧੰਦੇ ਉੱਪਰ ਨਿਰਭਰ ਰਹਿਣਾ ਪੈਂਦਾ ਹੈ। ਸਰਕਾਰ ਦੀ ਇਸ ਜ਼ਬਰਦਸਤੀ ਨਾਲ ਉਹ ਬੇਰੁਜ਼ਗਾਰ ਹੋ ਜਾਂਦੇ ਹਨ। ਕਿਸਾਨ

ਲਈ ਜ਼ਮੀਨ ਛੱਡਣਾ ਇਕ ਸੰਕਟਮਈ ਸਥਿਤੀ ਪੈਦਾ ਕਰਦਾ ਹੈ। ਜ਼ਮੀਨ ਅਤੇ ਕਿਸਾਨ ਦਾ ਰਿਸ਼ਤਾ ਮਾਂ ਪੁੱਤ ਤੇ ਰਿਸ਼ਤੇ ਦੀ ਤਰ੍ਹਾਂ ਹੈ। ਉਹ ਜ਼ਮੀਨ ਨੂੰ ਆਪਣੀ ਮਾਂ ਦੀ ਤਰ੍ਹਾਂ ਸਮਝਦਾ ਹੈ। ਇਸ ਲਈ ਜ਼ਮੀਨ ਦਾ ਖੁੱਸ ਜਾਣਾ ਉਸ ਲਈ ਕਠਿਨ ਅਤੇ ਦੁਖਦਾਈ ਸਥਿਤੀ ਪੈਦਾ ਕਰਦਾ ਹੈ।

ਸਰਕਾਰ ਕਿਸਾਨਾਂ ਦੀ ਭਲਾਈ ਬਾਰੇ ਸੋਚਣ ਦੀ ਬਜਾਏ ਕਾਰਪੋਰੇਟ ਵਰਗ ਅਤੇ ਸਰਮਾਏਦਾਰ ਘਰਾਣੇ ਦਾ ਪੱਖ ਪੂਰਦੀ ਹੈ। ਕਿਉਂਕ ਇਹ ਲੋਕ ਚੋਣਾਂ ਸਮੇਂ ਵੱਧ ਤੋਂ ਵੱਧ ਪੈਸੇ ਨਾਲ ਇਨ੍ਹਾਂ ਦੀ ਮਦਦ ਕਰਦੇ ਹਨ ਤਾਂ ਕਿ ਇਹ ਚੋਣਾਂ ਤੋਂ ਬਾਅਦ ਇਸ ਦਾ ਲਾਭ ਪ੍ਰਾਪਤ ਕਰ ਸਕਣ। ਜਦੋਂ ਉਸ ਦਲ ਦੀ ਸਰਕਾਰ ਬਣਦੀ ਹੈ ਜਿਸਦੀ ਇੰਨ੍ਹਾਂ ਨੇ ਚੋਣਾ ਸਮੇਂ ਮਦਦ ਕੀਤੀ ਸੀ। ਇਹ ਉਸ ਤੋਂ ਵੱਧ ਤੋਂ ਵੱਧ ਲਾਭ ਪ੍ਰਾਪਤ ਕਰਦੇ ਹਨ। ਜਿਵੇਂ ਕਰਜ਼ੇਤੇ ਵਿਚ ਛੂਟ, ਉਦਯੋਗ ਲਾਉਣ ਲਈ ਲੋਨ ਲੈਣਾ, ਕਰਜਾ ਮੁਆਫੀ, ਟੈਕਸਾਂ ਵਿਚ ਛੂਟ, ਉਦਯੋਗ ਲਾਉਣ ਲਈ ਨਿਯਮਾਂ ਦੀ ਅਣਦੇਖੀ, ਉਦਯੋਗ ਲਾਉਣ ਲਈ ਮਨਚਾਹੀ ਜਗ੍ਹਾ ਐਕਵਾਇਰ ਕਰਕੇ ਦੇਣਾ ਆਦਿ ਢੰਗਾਂ ਨਾਲ ਮਦਦ ਕਰਦੇ ਹਨ।

ਜਿਆਦਾਰ ਕਿਸਾਨ ਅਨਪੜ੍ਹ ਹਨ ਜਿਸਦਾ ਫਾਇਦਾ ਰਾਜਨੀਤਿਕ ਲੋਕ ਚੁੱਕਦੇ ਹਨ। ਉਹ ਉਹਨਾਂ ਨੂੰ ਅਜਿਹੇ ਸੁਪਨੇ ਦਿਖਾਉਂਦੇ ਹਨ। ਜਿਸ ਵਿਚ ਅਸਾਨੀ ਨਾਲ ਉਹ ਫਸ ਜਾਂਦੇ ਹਨ, "ਐਇ ਕਿਵੇਂ ਖੋਹਲੋਂਗੇ ਜ਼ਮੀਨਾਂ ਸਾਡੀਆਂ?" ਨਾਟਕ ਵਿਚ ਬਲਕਾਰ ਅਜਿਹੇ ਰਾਜਨੀਤਿਕ ਵਰਗ ਦੀ ਪ੍ਰਤੀਨਿਧਤਾ ਕਰਦਾ ਹੈ। ਜੋ ਆਪਣੇ ਸੌੜੇ ਮੰਤਵ ਲਈ, ਬਚਨੇ ਵਰਗੇ ਭੋਲੇ ਭਾਲੇ ਕਿਸਾਨ ਨੂੰ ਸੁਨਿਹਰੀ ਭਵਿੱਖ ਦੇ ਸੁਪਨੇ ਵਿਖਾਉਦਾਂ ਹੈ।

ਬਲਕਾਰ : (ਬਣਾਵਟੀ ਮਾਣ ਨਾਲ ਅਮੀਰ ਹੋਣ ਦੀ ਮਹੱਤਤਾ ਵੱਲ ਇਸ਼ਾਰਾ ਕਰਦਾ) ਜਦ ਰੁਪਈਆਂ ਨਾਲ ਕੋਠੜੀ ਭਰਗੀ ਹਰ ਘਰ ਦੀ, ਪਿੰਡ ਤਾਂ ਕਿਤੇ ਵੀ ਜਾ ਕੇ ਸਿਉਨੇ ਦੇ ਮਹਿਲ ਉਸਾਰ ਲੇ ਬਾਈ ਗੁਰਬਚਨ ਸਿਆਂ। ਕਿ ਨਈਂ।"[3]

ਉਹ ਭੋਲੇ-ਭਾਲੇ ਬਚਨੇ ਨੂੰ ਆਪਣੇ ਜਾਲ ਵਿਚ ਇਸ ਤਰ੍ਹਾਂ ਫਸਾਉਂਦਾ ਹੈ ਕਿ ਉਸ ਨੂੰ ਬਲਕਾਰ ਆਪਣਾ ਹਮਦਰਦ ਜਾਪਣ ਲੱਗਦਾ ਹੈ। ਬਲਕਾਰ ਵੀ ਉਸਨੂੰ ਹੋਰ ਪੱਕਾ ਕਰਨ ਲਈ ਕਰੋੜ ਦੀ ਮਹੱਤਤਾ ਅਤੇ ਕਰਜੇ ਤੋਂ ਮੁਕਤੀ ਪਾਉਣ ਦਾ ਰਾਹ ਦੱਸਦਾ ਹੈ।

ਬਲਕਾਰ :- ਫੇਰ ਤੈਨੂੰ ਅੱਠ ਕਿੱਲਿਆ ਦਾ ਮਿਲੂ ਲਗ-ਭਗ ਪੌਣੇ ਪੰਜ ਕਰੋੜ ਰੁਪਈਆ। ਉਸ ਅੰਦਰ ਪੈਸਿਆਂ ਦੀ ਲਾਲਸਾ ਪੈਦਾ ਕਰਨ ਦੇ ਇਰਾਦੇ ਨਾਲ ਕਰੋੜ ਦੀ ਮਹੱਤਤਾ ਦਸਦਾ। ਕਰੋੜ ਪਤਾ ਐ ਕਿੰਨੇ ਲੱਖ ਦਾ ਹੁੰਦੇ? (ਪਤਾ ਨਾ ਹੋਣ ਕਰਕੇ ਬਚਨਾ ਕੋਈ ਜਵਾਬ ਨਹੀਂ ਦੇ ਸਕਦਾ। ਇਸਦਾ ਫਾਇਦਾ ਉਠਾਉਂਦਾ ਬਲਕਾਰ ਉੱਤਰ ਦਿੰਦਾ) 'ਪੂਰੇ ਸੌ, ਲੱਖ ਦਾ ਵਾਕੰਸ਼ ਉੱਤੇ ਵਿਸ਼ੇਸ਼ ਜ਼ੋਰ ਦਿੰਦਾ ਹੈ।

ਆੜਤੀਏ ਦੇ ਲਾਹ ਕੇ ਸਾਢੇ ਚਾਰ ਕਰੋੜ ਤੇਰੀ ਝੋਲੀ ਵਿਚ। ਐਨੇ ਰੁਪਈਆਂ ਨਾਲ ਤਾਂ ਸਰਦਾਰ ਜੀ, ਤੂੰ ਕਿਤੇ ਵੀ ਜਾ ਕੇ ਪੰਦਰਾਂ ਕਿੱਲੇ ਜਮੀਨ ਬਣਾਕੇ, ਨਾਲ ਇਕ ਆਲੀਸ਼ਾਨ ਕੋਠੀ ਪਾ ਕੇ ਬਾਦਸ਼ਾਹਾਂ ਵਾਂਗੂ ਰਹਿ ਸਕਦੈਂ, ਬਾਦਸ਼ਾਹਾਂ ਵਾਂਗੂੰ। ਕਿ ਨਈਂ।"[4]

ਇਹ ਅਜਿਹੀਆਂ ਚਾਲਾਂ ਚੱਲਦੇ ਹਨ ਜਿਸ ਨਾਲ ਆਮ ਲੋਕਾਂ ਦੀ ਸੋਚਣ ਸਮਝਣ ਦੀ ਸ਼ਕਤੀ ਖਤਮ ਹੋ ਜਾਂਦੀ ਹੈ। ਉਹ ਆਸਾਨੀ ਨਾਲ ਇਨ੍ਹਾਂ ਦੇ ਝਾਂਸੇ ਵਿਚ ਆ ਜਾਂਦੇ ਹਨ। ਇਸ ਝਾਂਸੇ ਵਿਚੋਂ ਨਿਕਲਣਾ ਟੇਢੀ ਤੀਰ ਵਾਂਗ ਹੈ। ਸੁਨਿਹਰੇ ਭਵਿੱਖ ਦੀ ਉਮੀਦ ਵਿਚ ਇਨ੍ਹਾਂ ਰਾਜਨੀਤਿਕ ਲੋਕਾਂ ਦੁਆਰਾ ਕੀਤਾ ਹਰ ਵਾਅਦਾ ਉਨ੍ਹਾਂ ਨੂੰ ਸੱਚ ਹੀ ਜਾਪਦਾ ਹੈ।

ਭੂਮੀ ਅਧਿਗ੍ਰਹਿਣ ਕਾਨੂੰਨ ਵਿਚ ਸਮੇਂ-ਸਮੇਂ ਤੇ ਸੁਧਾਰ ਤੇ ਸੁਧਾਰ ਹੁੰਦੇ ਹਨ। ਜੋ ਮੂਲ ਰੂਪ ਵਿਚ ਕਾਨੂੰਨ ਬਣਾਇਆ ਗਿਆ ਸੀ ਉਹ ਕਿਸਾਨ ਪੱਖ ਸੀ। ਉਸਨੇ ਕਿਸਾਨਾਂ ਨੂੰ ਥੋੜੀ ਬਹੁਤ ਰਾਹਤ ਦਿੱਤੀ। ਜੇਕਰ ਸਰਕਾਰ ਪੰਜ ਸਾਲ ਤੱਕ ਜਮੀਨ ਉਪਰ ਕੋਈ ਪ੍ਰੋਜੈਕਟ ਨਹੀਂ ਲਗਵਾਉਂਦੀ ਤਾਂ ਉਹ ਕਿਸਾਨਾਂ ਨੂੰ ਵਾਪਸ ਕੀਤੀ ਜਾਵੇਗੀ ਪਰ 2014 ਵਿਚ ਬਣੇ ਕਾਨੂੰਨ ਅਨੁਸਾਰ ਕਿੰਨ੍ਹਾਂ ਵੀ ਸਮਾਂ ਇਸ ਜ਼ਮੀਨ ਨੂੰ ਇਸਤੇਮਾਲ ਕੀਤੇ ਬਿਨ੍ਹਾਂ ਕੰਪਨੀ ਆਪਣੇ ਅਧਿਕਾਰ ਹੇਠ ਰੱਖ ਸਕਦੀ ਹੈ। ਪਹਿਲੇ ਕਾਨੂੰਨ ਅਧੀਨ ਪ੍ਰਾਈਵੇਟ ਰਜਿਸਟਰਡ ਕੰਪਨੀਆਂ ਹੀ ਅਧਿਗ੍ਰਹਿਣ ਕਰ ਸਕਦੀਆਂ ਸਨ ਪਰ ਹੁਣ ਕੋਈ ਵੀ ਕਾਰਪੋਰੇਟ ਵਰਗ, ਸਰਮਾਏਦਾਰ ਘਰਾਣੇ ਆਪਣੇ ਨਿੱਜੀ ਫਾਇਦੇ ਲਈ ਇਨ੍ਹਾਂ ਨੂੰ ਖਰੀਦ ਸਕਦੇ ਹਨ। ਹੁਣ ਦੇ ਕਾਨੂੰਨ ਅਨੁਸਾਰ 70 ਪ੍ਰਤੀਸ਼ਤ ਕਿਸਾਨਾਂ ਤੋਂ ਪੁੱਛਣ ਦੀ ਲੋੜ ਨਹੀਂ। ਕਿਸਾਨਾਂ ਨਾਲ ਧੱਕਾ ਕਰਨ ਵਾਲੇ ਪੁਲਸ ਕਰਮੀਆਂ ਨੂੰ ਉਸ ਦੀ ਕੀਮਤ ਮਿਲਦੀ ਜਿਸਦਾ ਪਰਦਾ ਅਜਮੇਰ ਸਿੰਘ ਔਲਖ ਆਪਣੇ ਨਾਟਕ 'ਐਇ ਕਿਵੇਂ ਖੋਹਲੋਂਗੇ ਜਮੀਨਾਂ ਸਾਡੀਆਂ` ਵਿਚ ਕਰਦਾ ਹੈ ।

ਗੋਲੀ ਸੇ ਕਿਸਾਨ ਮਾਰਨੇ ਭੀ ਪੜ ਸਕਤੇ ਹੈਂ, ਵੋਹ ਕੋਨ ਮਾਰੇਗਾ? (ਆਪ ਹੀ ਉੱਤਰ ਦਿੰਦਾ) ਹਮਾਰੀ ਪੁਲੀਸ ਔਰ ਜੋ ਅਫਸਰ ਗੋਲੀ ਚਲਾਨੇ, ਕਿਸਾਨੋ ਕੋ ਮਾਰਨੇ ਕੀ ਜਿੰਮੇਵਾਰੀ ਲੇਗਾ, ਉਸੇ ਸਰਕਾਰ ਕੁਝ ਨਹੀਂ ਦੇਗੀ ਕਯਾ? ਔਰ ਚਤੁਰਬੇਦੀ ਸਾਹਿਤ ਇਸ ਕੇ ਇਲਾਵਾ ਜੋ ਡਿਪਟੀ ਕਮਿਸ਼ਨਰ, ਤਸੀਲਦਾਰ ਆਪ ਕੋ ਜ਼ਮੀਨ ਦਿਲਵਾਨੇ ਕੇ ਲੀਏ ਰਾਸਤਾ ਸਾਫ ਕਰੇਂਗੇ ਵੋਹ ਮੁਫਤ ਹੀ ਮੇਂ ਕਰਦੇਂਗੇ ਕਯਾ?"[5]

ਸਰਕਾਰ ਕਿਸਾਨਾਂ ਦੀ ਇੱਕ ਮੁੱਠਤਾ ਤੋੜਨ ਲਈ ਹਰ ਤਰ੍ਹਾਂ ਦੀਆਂ ਚਾਲਾ ਚਲਦੀ ਹੈ। ਜਿਸ ਨਾਲ ਉਹ ਸਰਮਾਏਦਾਰ ਵਰਗ ਦੀ ਮਦਦ ਕਰ ਸਕਣ, 'ਐਇੰ ਕਿਵੇਂ ਖੋਹਲੋਂਗੇ ਜਮੀਨਾਂ ਸਾਡੀਆਂ`?" ਨਾਟਕ ਵਿਚ ਲੋਕਾਂ ਦੀ ਇੱਕ ਮੁੱਠਤਾ ਨੂੰ ਦੇਖਦੇ ਹੋਏ ਸਰਕਾਰ ਅਜਿਹੀਆਂ ਚਾਲਾਂ ਚੱਲਦੀ ਹੈ ਜਿਸ ਬਾਰੇ ਅਕਸਰ ਪਿੰਡਾਂ ਵਿਚ ਧਿਆਨ ਨਹੀਂ ਦਿੱਤਾ ਜਾਂਦਾ। ਕਿਸਾਨ ਘੱਟ ਪੜ੍ਹੇ ਲਿਖੇ ਹੋਣ ਕਰਕੇ ਉਹਨਾਂ ਵਿਚ ਰਾਜਨੀਤਿਕ ਚੇਤਨਾ ਦੀ ਘਾਟ ਹੈ ਜਿਸ ਦੁਆਰਾ ਉਹ ਕਿਸਾਨ ਜਥੇਬੰਦੀਆਂ ਦੁਆਰਾ ਕਿਸਾਨੀ ਮਸਲਿਆਂ ਨੂੰ ਚੰਗੀ ਤਰ੍ਹਾਂ ਉਠਾ ਨਾ ਸਕਣਾ ਹੈ। ਕਿਸਾਨ ਸਮੱਸਿਆਵਾਂ ਨੂੰ ਸਾਂਝਾ ਸਮਝਣ ਦੀ ਬਜਾਏ ਉਸਨੂੰ ਇਕ ਪਰਿਵਾਰ, ਇਕ ਵਿਹੜੇ ਜਾਂ ਫਿਰ ਇੱਕ ਪਿੰਡ ਦੀ ਸਮਝਦੇ ਹਨ। ਜਿਸ ਕਰਕੇ ਉਹ ਪੂਰਨ ਰੂਪ ਵਿਚ ਸੰਘਰਸ਼ ਦਾ ਸਾਥ ਨਹੀਂ ਦਿੰਦੇ।

ਅੰਤ ਵਿਚ ਅਸੀਂ ਕਹਿ ਸਕਦੇ ਹਾਂ ਕਿ ਅਜਮੇਰ ਸਿੰਘ ਔਲਖ ਨੇ ਆਪਣੇ ਨਾਟਕ ਵਿਚ ਸਰਕਾਰ ਵੱਲੋਂ ਕਾਰਪੋਰੇਟ ਵਰਗ ਅਤੇ ਸਰਮਾਏਦਾਰ ਘਰਾਣੇ ਨਾਲ ਮਿਲ ਕੇ ਕਿਸਾਨਾਂ ਨਾਲ ਕੀਤੀ ਜਾ ਰਹੀ ਧੱਕੇਸ਼ਾਹੀ ਵਿਚ ਉਨ੍ਹਾਂ ਦਾ ਸਾਥ ਦਿੰਦੀ ਹੈ। ਔਲਖ ਕਿਸਾਨਾਂ ਲਈ ਆਸ ਦੀ ਕਿਰਨ ਦੇ ਰੂਪ ਵਿਚ ਗੁਰਪਾਲ, ਗੋਬਿੰਦ, ਕੁਲਜੀਤ ਅਤੇ ਅਮਨ ਨੂੰ ਸੰਘਰਸ਼ਸ਼ੀਲ ਨੌਜਵਾਨ ਦੇ ਰੂਪ ਵਿਚ ਪੇਸ਼ ਕਰਦਾ ਹੈ। ਜੋ ਆਪਣੇ ਹੱਕਾਂ ਲਈ ਜਾਗਰੂਕ ਹਨ।

**ਹਵਾਲੇ :**

1. ਪਰਮਪਾਲ ਸਿੰਗਲ (ਡਾ.) ਪਿਛਲੇ ਦਹਾਕੇ (1970-80) ਦਾ ਨਾਟਕ ਕੇਂਦਰੀ ਪੰਜਾਬ ਪੰਜਾਬੀ ਲੇਖਕ ਸਭ-ਸਿਲਵਰ ਜੁਬਲੀ ਸਮਾਰੋਹ, ਜਲੰਧਰ
2. ਸ. ਵਰਮਾ, ਸਤੀਸ਼ ਕੁਮਾਰ, ਪੰਜਾਬੀ ਨਾਟਕ ਦਾ ਇਤਿਹਾਸ, ਭਾਗ-2, ਪੰਜਾਬੀ ਅਕਾਦਮੀ ਦਿੱਲੀ, ਪੰਨਾ-130
3. ਔਲਖ, ਅਜਮੇਰ ਸਿੰਘ, ਐਇ ਕਿਵੇਂ ਖੋਹਲੋਂਗੇ ਜ਼ਮੀਨਾਂ ਸਾਡੀਆਂ`? ਚੇਤਨਾ ਪ੍ਰਕਾਸ਼ਨ, ਪੰਨਾ-63
4. ਉਹੀ, ਪੰਨਾ-30-31
5. ਉਹੀ, ਪੰਨਾ-38